# ਅਰਜ਼ੀ ਅਤੇ ਨਾਮਾਂਕਣ ਪ੍ਰਕਿਰਿਆ

Medi-Cal

ASIAN AMERICANS ADVANCING JUSTICE SOUTHERN CALIFORNIA

**ਜਾਣਕਾਰੀ ਇਕੱਠੀ ਕਰੋ**

- ਪਛਾਣ ਦਾ ਸਬੂਤ
- ਰਿਹਾਇਸ਼ ਦਾ ਸਬੂਤ
- ਆਮਦਨੀ ਦਾ ਸਬੂਤ

**ਵਾਧੂ ਸਬੂਤ ਦੀ ਲੋੜ ਹੋ ਸਕਦੀ ਹੈ**

**ਅਰਜ਼ੀ ਜਮ੍ਹਾਂ ਕਰੋ**

- BenefitsCal.com 'ਤੇ ਔਨਲਾਈਨ
- ਕਾਉਂਟੀ ਸੋਸ਼ਲ ਸਰਵਿਸਿਜ਼ ਦਫ਼ਤਰ ਨਾਲ ਵਿਅਕਤੀਗਤ ਤੌਰ 'ਤੇ ਜਾਂ ਫ਼ੋਨ 'ਤੇ, ਜਾਂ
- ਕਮਿਊਨਿਟੀ-ਆਧਾਰਿਤ ਸੰਸਥਾ ਤੋਂ ਸਹਾਇਤਾ

## 01 ਮੇਲ ਦਾ ਧਿਆਨ ਰੱਖੋ

ਤੁਹਾਡਾ ਸੋਸ਼ਲ ਸਰਵਿਸਿਜ਼ ਦਫ਼ਤਰ ਵਾਧੂ ਪੁਸ਼ਟੀਕਰਨ ਦੀ ਬੇਨਤੀ ਕਰਨ ਲਈ ਫ਼ੋਨ ਜਾਂ ਡਾਕ ਰਾਹੀਂ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ। ਯਕੀਨੀ ਬਣਾਓ ਕਿ ਤੁਸੀਂ ਸਮੇਂ ਸਿਰ ਜਵਾਬ ਦਿੰਦੇ ਹੋ। ਫਿਰ ਤੁਹਾਨੂੰ ਇੱਕ ਅੰਤਮ ਪੱਤਰ ਮਿਲੇਗਾ ਜੋ ਤੁਹਾਨੂੰ ਸੂਚਿਤ ਕਰੇਗਾ ਕਿ ਤੁਸੀਂ ਮੈਡੀ-ਕੈਲ ਪ੍ਰਾਪਤ ਕਰ ਸਕਦੇ ਹੋ ਜਾਂ ਨਹੀਂ।

## 02 ਜੇਕਰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਤੁਹਾਨੂੰ ਆਪਣਾ ਲਾਭ ਪਛਾਣ ਪੱਤਰ (BIC) ਪ੍ਰਾਪਤ ਹੋਵੇਗਾ।

ਯੋਗਤਾ ਦੀ ਪੁਸ਼ਟੀ ਕਰਨ ਦੀ ਪੂਰੀ ਪ੍ਰਕਿਰਿਆ, ਤੁਹਾਡੀ ਅਰਜ਼ੀ ਨੂੰ ਪੂਰਾ ਕਰਨ ਤੋਂ ਲੈ ਕੇ ਤੁਹਾਡੀ BIC ਪ੍ਰਾਪਤ ਕਰਨ ਤੱਕ, ਆਮ ਤੌਰ 'ਤੇ 45 ਦਿਨ ਲੱਗਦੇ ਹਨ। ਤੁਸੀਂ ਹੁਣ ਆਪਣੀ BIC ਦੀ ਵਰਤੋਂ ਕਿਸੇ ਵੀ ਪ੍ਰਦਾਤਾ ਨਾਲ ਕਰ ਸਕਦੇ ਹੋ ਜੋ ਸੇਵਾ ਲਈ ਫੀਸ/ਰੈਗੂਲਰ/ਸਿੱਧਾ ਮੈਡੀ-ਕੈਲ ਸਵੀਕਾਰ ਕਰਦਾ ਹੈ।

## 03 ਤੁਹਾਨੂੰ ਆਪਣਾ BIC ਪ੍ਰਾਪਤ ਕਰਨ ਦੇ 45 ਦਿਨਾਂ ਦੇ ਅੰਦਰ ਇੱਕ ਸਿਹਤ ਯੋਜਨਾ ਚੋਣ ਪੈਕੇਟ ਪ੍ਰਾਪਤ ਹੋਵੇਗਾ

ਤੁਹਾਨੂੰ ਯੋਜਨਾ ਚੋਣ ਪੈਕੇਟ ਪ੍ਰਾਪਤ ਕਰਨ ਦੇ 30 ਦਿਨਾਂ ਦੇ ਅੰਦਰ ਇੱਕ ਸਿਹਤ ਯੋਜਨਾ ਦੀ ਚੋਣ ਕਰਨੀ ਚਾਹੀਦੀ ਹੈ। ਨਹੀਂ ਤਾਂ, ਮੈਡੀ-ਕੈਲ ਤੁਹਾਡੇ ਲਈ ਇੱਕ ਯੋਜਨਾ ਚੁਣੇਗਾ। ਤੁਸੀਂ ਹੈਲਥ ਕੇਅਰ ਆਪਸ਼ਨਜ਼ (HCO) ਦੀ ਵੈੱਬਸਾਈਟ 'ਤੇ, ਆਪਣੇ ਮੈਡੀ-ਕੈਲ ਚੁਆਇਸ ਫਾਰਮ ਨੂੰ ਵਾਪਸ ਭੇਜ ਕੇ, ਜਾਂ HCO (1-833-387-7723) 'ਤੇ ਕਾਲ ਕਰਕੇ ਇੱਕ ਯੋਜਨਾ ਚੁਣ ਸਕਦੇ ਹੋ। ਇੱਕ ਯੋਜਨਾ ਦੀ ਚੋਣ ਕਰਦੇ ਸਮੇਂ, ਤੁਸੀਂ ਇੱਕ ਪ੍ਰਾਇਮਰੀ ਕੇਅਰ ਪ੍ਰੋਵਾਈਡਰ (PCP) ਵੀ ਚੁਣ ਸਕਦੇ ਹੋ। ਜੇਕਰ ਤੁਸੀਂ PCP ਦੀ ਚੋਣ ਨਹੀਂ ਕਰਦੇ ਹੋ, ਤਾਂ ਸਿਹਤ ਯੋਜਨਾ ਆਪਣੇ ਆਪ ਤੁਹਾਨੂੰ ਇੱਕ ਨਿਰਧਾਰਤ ਕਰੇਗੀ।

## 04 ਸਿਹਤ ਯੋਜਨਾ ਦੀ ਚੋਣ ਕਰਨ ਤੋਂ ਬਾਅਦ, ਤੁਹਾਨੂੰ 7-10 ਦਿਨਾਂ ਦੇ ਅੰਦਰ ਇੱਕ ਪੁਸ਼ਟੀ ਪੱਤਰ ਪ੍ਰਾਪਤ ਹੋਣਾ ਚਾਹੀਦਾ ਹੈ

ਪੁਸ਼ਟੀ ਪੱਤਰ ਤੁਹਾਨੂੰ ਦੱਸੇਗਾ ਕਿ ਤੁਹਾਡੀ ਸਿਹਤ ਯੋਜਨਾ ਕਵਰੇਜ ਕਦੋਂ ਕਿਰਿਆਸ਼ੀਲ ਹੋਵੇਗੀ (ਇੱਕ ਯੋਜਨਾ ਚੁਣਨ ਤੋਂ ਬਾਅਦ ~30-45 ਦਿਨ)। ਇੱਕ ਵਾਰ ਕਿਰਿਆਸ਼ੀਲ ਹੋਣ 'ਤੇ, ਤੁਹਾਨੂੰ ਆਪਣਾ ਸਿਹਤ ਯੋਜਨਾ ਦਾ ਸੁਆਗਤ ਪੈਕੇਟ ਅਤੇ ਬੀਮਾ ਕਾਰਡ ਪ੍ਰਾਪਤ ਕਰਨਾ ਚਾਹੀਦਾ ਹੈ। ਫਿਰ ਤੁਸੀਂ ਆਪਣੀ ਸਿਹਤ ਯੋਜਨਾ ਵਿੱਚ ਪ੍ਰਦਾਤਾਵਾਂ ਦੁਆਰਾ ਆਪਣੇ ਮੈਡੀ-ਕੈਲ ਲਾਭਾਂ ਦੀ ਵਰਤੋਂ ਕਰ ਸਕਦੇ ਹੋ।

*This educational material is sponsored by Cedars Sinai and created by Asian Americans Advancing Justice Southern California, and translated by SAHARA.*

ਆਖਰੀ ਅਪਡੇਟ: ਅਕਤੂਬਰ 2024